# मैं हाँ तेरा बेटा

ਹੋ ਕੇ ਦਿਆਲ, ਮੇਰੀ ਫੜ੍ਹ ਲੈ ਤੂੰ ਬਾਂਹ ॥,
ਮੈਂ ਹਾਂ ਤੇਰਾ ਬੇਟਾ, ਤੇ ਤੂੰ ਹੈ ਮੇਰੀ ਮਾਂ ॥
*ਤੇਰੀ ਗੋਦੀ ਬਾਝੋਂ ਮੇਰੀ, ਕਿਤੇ ਨਹੀਂਓਂ ਥਾਂ* ॥,
ਮੈਂ ਹਾਂ ਤੇਰਾ ਬੇਟਾ, ਤੇ ਤੂੰ ਹੈ ਮੇਰੀ ਮਾਂ,,,
ਹੋ ਕੇ ਦਿਆਲ ਮੇਰੀ,,,,,,,,,,,,,,,,,,,

*ਮਾਵਾਂ ਬਿੰਨਾਂ ਬੱਚੇ ਜਾਂਦੇ, ਕੱਖਾਂ ਵਾਂਗੂ ਰੁਲ੍ਹ ਮਾਂ* ।
ਮਾਂ ਦਏ ਦਿਲਾਸਾ ਤਾਂ, "ਦੁੱਖ ਜਾਂਦੇ ਭੁੱਲ ਮਾਂ" ।
ਜਦੋਂ ਮੇਹਰਾਂ ਤੇਰੀਆਂ ਦੀ, ਹਵਾ ਮਾਂਏਂ ਵੱਗੇਗੀ*,
ਕੰਡਿਆਂ ਦੀ ਸੇਜ਼ ਵੀ ਮਾਂ, "ਫੁੱਲਾਂ ਵਾਂਗੂ ਲੱਗੇਗੀ"* ।
ਕਸ਼ਟ ਮੇਰੇ ਹਰੂ, ਤੇਰੀ ਮਮਤਾ ਦੀ ਛਾਂ ॥,
ਮੈਂ ਹਾਂ ਤੇਰਾ ਬੇਟਾ, ਤੇ ਤੂੰ ਹੈ ਮੇਰੀ ਮਾਂ,,,
ਹੋ ਕੇ ਦਿਆਲ ਮੇਰੀ,,,,,,,,,,,,,,,,,,,

*ਜਦੋਂ ਮਹਾਂਰਾਣੀਏ ਤੂੰ, ਮੇਹਰਵਾਨ ਹੋਵੇਂਗੀ* ।
ਲਾਲ ਸੂਹੀ ਚੁੰਨੀ ਨਾਲ, "ਲਾਲ ਲੂਲੂ ਧੋਏਂਗੀ" ॥
ਰਹਿਮ ਦਿਲ ਹੋ ਕੇ ਜਦੋਂ, ਏਧਰ ਲਏਂਗੀ ਵੇਖ ਮਾਂ*,
ਕਹਿਰ ਦੀਆਂ ਭੱਠੀਆਂ ਦਾ, "ਠਰ੍ਹ ਜਾਣਾ ਸੇਕ ਮਾਂ"* ।
ਤਾਂਹੀਓਂ ਅੱਠੇ ਪਹਿਰ, ਤੇਰਾ ਜਪਦਾ ਹਾਂ ਨਾਂਅ ॥,
ਮੈਂ ਹਾਂ ਤੇਰਾ ਬੇਟਾ, ਤੇ ਤੂੰ ਹੈ ਮੇਰੀ ਮਾਂ,,,
ਹੋ ਕੇ ਦਿਆਲ ਮੇਰੀ,,,,,,,,,,,,,,,,,,,

*ਲਾਉਣ ਦੇ ਏਹ ਮੱਥਾ ਮੈਨੂੰ, ਚਰਨਾਂ ਦੇ ਨਾਲ ਮਾਂ* ।
ਭੁੱਲ ਜਾਂ ਗਾ ਹੋਰ ਮੈਂ, "ਸਾਰੇ ਹੀ ਸਵਾਲ ਮਾਂ" ।
ਜੇਹੜੇ ਤੇਰੀ ਤਾਰ ਨਾਲ, ਤਾਰ ਲੈਂਦੇ ਜੋੜ ਮਾਂ*,
ਓਹਨੂੰ ਹੀਰੇ ਮੋਤੀਆਂ ਦੀ, "ਰਹਿੰਦੀ ਨਹੀਂਓਂ ਲੋੜ ਮਾਂ"* ।
ਤੈਥੋਂ ਨਿਰਦੋਸ਼ ਪਿਆਰ, ਮੰਗਦਾ ਰਵ੍ਹਾਂ ॥,
ਮੈਂ ਹਾਂ ਤੇਰਾ ਬੇਟਾ, ਤੇ ਤੂੰ ਹੈ ਮੇਰੀ ਮਾਂ,,,
ਹੋ ਕੇ ਦਿਆਲ ਮੇਰੀ,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ


https://www.bhajanganga.com/bhajan/lyrics/id/25436/title/main-haa-tera-beta

अपने Android मोबाइल पर BhajanGanga App डाउनलोड करें और भजनों का आनंद ले |